بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.04.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਨੂੰ ਪੜ੍ਹਨ ਅਤੇ ਧਾਰਮਕ ਗਿਆਨ ਨੂੰ ਵਧਾਉਣ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ, ਖ਼ਿਲਾਫ਼ਤ ਨਾਲ ਸੰਬੰਧ ਜੋੜਨ ਲਈ ਵੀ ਜਤਨ ਕਰਨਾ ਚਾਹੀਦਾ ਹੈ, ਇਸ ਸੰਬੰਧ ਵਿੱਚ ਰੱਬ ਨੇ ਜੋ ਐਮ.ਟੀ.ਏ. ਦੀ ਨੇਮਤ ਦਿੱਤੀ ਹੈ, ਉਸ ਰਾਹੀਂ ਰਾਬਤਾ ਕਾਇਮ ਕਰਨਾ ਚੀਦਾ ਹੈ ਅਤੇ ਸਮੇਂ ਦੇ ਖ਼ਲੀਫ਼ਾ ਦੇ ਸਾਰਿਆਂ ਪ੍ਰੋਗਰਾਮਾ ਤੋਂ ਲਾਭ ਉਠਾਉਂਣਾ ਚਾਹੀਦਾ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਅਪ੍ਰੈਲ 2018 ਈ. ਨੂੰ ਮਸਜਿਦ ਬਸ਼ਾਰਤ ਸਪੇਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸ ਜੁੱਗ ਵਿੱਚ ਦੁਨੀਆ ਵਿੱਚ ਹਰ ਪਾਸੇ ਫ਼ਸਾਦ ਮਚਿਆ ਹੋਇਆ ਹੈ, ਕਿਤੇ ਧਰਮ ਦੇ ਨਾਂ'ਤੇ ਫ਼ਸਾਦ ਮਚਿਆ ਹੈ ਤੇ ਕਿਤੇ ਸੰਸਾਰਕ ਸ਼ਕਤੀ ਤੇ ਅਗਾਂਹ ਵਧੂ ਪ੍ਰਮਾਣਤ ਕਰਨ ਲਈ ਫ਼ਸਾਦ ਮਚਿਆ ਹੈ । ਕਿਤੇ ਗ਼ਰੀਬੀ ਤੇ ਅਮੀਰੀ ਦੇ ਮੁਕਾਬਲਿਆਂ ਕਰਕੇ ਫ਼ਸਾਦ ਹੋ ਰਿਹਾ ਹੈ ਅਤੇ ਕਿਤੇ ਸਿਆਸੀ ਪਾਰਟੀਆਂ ਦੇ ਰਾਜਨੀਤਿਕ ਅਧਿਕਾਰਾਂ ਨੂੰ ਸੰਭਾਲਣ ਲਈ ਫ਼ਸਾਦ ਮਚਿਆ ਹੋਇਆ ਹੈ । ਕਿਤੇ ਘਰਾਂ ਵਿੱਚ ਨਿੱਕੀਆਂ ਨਿੱਕੀਆਂ ਗਲੱਾਂ ਉਪੱਰ ਝਗੜੇ ਅਤੇ ਫ਼ਸਾਦ ਹਨ, ਕਿਤੇ ਇਕ ਦੂਜੇ ਦੇ ਹੱਕ ਨ ਦੇਣ ਕਰਕੇ ਲੜਾਈ ਝਗੜੇ, ਫ਼ਸਾਦ ਤੇ ਫ਼ਿਤਨੇ ਮਚੱ ਰਹੇ ਹਨ । ਕਿਤੇ ਜਾਤੀਵਾਦ ਕਰਕੇ ਫ਼ਸਾਦ ਮਚਾਉਣ ਦੇ ਜਤਨ ਕੀਤੇ ਜਾ ਰਹੇ ਹਨ ਅਤੇ ਕਿਤੇ ਆਪਣੇ ਅਧਿਕਾਰ ਲੈਂਣ ਲਈ ਗ਼ਲਤ ਤਰੀਕਿਆਂ ਰਾਹੀਂ ਫ਼ਿਤਨੇ ਤੇ ਫ਼ਸਾਦ ਮਚਾਏ ਜਾਣ ਦੇ ਜਤਨ ਕੀਤੇ ਜਾ ਰਹੇ ਹਨ । ਭਾਵ ਇਹ ਕਿ ਜਿਸ ਪੱਖੋਂ ਵੀ ਦੇਖੀਏ ਦੁਨੀਆ ਫਿਤਨਿਆਂ ਤੇ ਫ਼ਸਾਦਾਂ ਵਿੱਚ ਘਿਰੀ ਹੋਈ ਹੈ । ਨ ਗ਼ਰੀਬ ਇਸ ਤੋਂ ਸੁਰੱਖਿਅਤ ਹੈ ਨ ਅਮੀਰ ਇਸ ਤੋਂ ਸੁਰੱਖਿਅਤ ਹੈ । ਨ ਪ੍ਰਗਤੀਸ਼ੀਲ ਦੇਸ਼ ਇਸ ਤੋਂ ਸੁਰੱਖਿਅਤ ਹਨ ਨ ਘੱਟ ਪ੍ਰਗਤੀ ਵਾਲੇ ਦੇਸ਼ ਇਸ ਤੋਂ ਸੁਰੱਖਿਅਤ ਹਨ । ਸੰਭਵਤਾ ਮਨੁੱਖ ਜੋ ਆਪਣੇ ਆਪ ਨੂੰ ਇਸ ਜੁੱਗ ਵਿੱਚ ਬਹੁਤ ਪ੍ਰਗਤੀਸ਼ੀਲ ਸਮਝ ਰਿਹਾ ਹੈ, ਇਹ ਸਮਝਦਾ ਹੈ ਕਿ ਇਹ ਵਿਦਿਆ, ਬੋਧ ਤੇ ਪ੍ਰਕਾਸ਼ ਦਾ ਜੁੱਗ ਹੈ, ਵਾਸਤਵ ਵਿੱਚ ਅੰਧਕਾਰ ਵਿੱਚ ਡੁੱਬਿਆ ਹੈ । ਰੱਬ ਨੂੰ ਭੁਲਾ ਕੇ ਦੁਨੀਆ ਦੀ ਭਾਲ ਅਤੇ ਇਸ ਨੂੰ ਹੀ ਆਪਣਾ ਪੂਜਕ ਤੇ ਰੱਬ ਸਮਝਕੇ ਤਬਾਹੀ ਦੇ ਖੱਡਿਆਂ ਵੱਲ ਵੱਧ ਰਿਹਾ ਹੈ ਸਗੋਂ ਇਸ ਦੇ ਨੇੜੇ ਪਹੁੰਚ ਚੁਕਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੁਸਲਮਾਨਾ'ਤੇ ਹੈਰਾਨੀ ਹੈ ਜਿੰਨ੍ਹਾ ਕੋਲ ਇਕ ਠੋਸ ਤੇ ਸੰਪੂਰਨ ਕਿਤਾਬ ਆਪਣੀ ਵਾਸਤਵਿਕ ਅਵਸਥਾ ਵਿੱਚ ਮੌਜੂਦ ਹੈ ਅਤੇ ਫਿਰ ਰੱਬ ਨੇ ਆਪਣੇ ਵਚਨ ਅਨੁਸਾਰ ਇਸ ਜੁੱਗ ਦੇ ਇਮਾਮ (ਸੁਧਾਰਕ) ਨੂੰ ਭੇਜਿਆ ਹੈ ਜਿਸਨੇ ਮਤਿਭੇਦਾ ਦਾ ਸੁਧਾਰ ਕਰਨਾ ਸੀ । ਪਰੰਤੂ ਬਜਾਏ ਇਸਦੇ ਕਿ ਮੁਸਲਮਾਨ ਰੱਬ ਦੇ ਭੇਜੇ ਹੋਏ ਇਸ ਫ਼ਰਸਤਾਦੇ ਦੀ ਗੱਲ ਸੁਨਣ ਅਤੇ ਇਸ ਗੱਲ ਵੱਲ ਆਉਣ ਜੋ ਮਤਿਭੇਦਾਂ ਤੇ ਫ਼ਸਾਦਾ ਨੂੰ ਮੁਕਾਉਣ ਵਾਲੀ ਗੱਲ ਹੈ, ਮੁਸਲਮਾਨਾ

ਦੀ ਬਹੁਗਿਣਤੀ ਧਰਮ ਦੇ ਨਾਂ'ਤੇ ਫ਼ਸਾਦ ਪੈਦਾ ਕਰਨ ਵਾਲੇ ਮੌਲਵੀਆਂ ਪਿੱਛੇ ਚੱਲ ਪਈ ਹੈ । ਰੱਬ ਨੇ ਤਾਂ ਦੁਨੀਆਂ ਦੇ ਫ਼ਸਾਦ ਮੁਕਾਉਣ ਲਈ ਅਤੇ ਆਪੋ ਵਿੱਚ ਮਿਲਵਰਤਨ ਤੇ ਭਾਈਚਾਰਾ ਪੈਦਾ ਕਰਨ ਲਈ ਅਤੇ ਰੱਬ ਨੂੰ ਪਛਾਨਣ ਲਈ ਇਕ ਵਿਵਸਥਾ ਕੀਤੀ ਪਰ ਮੁਸਲਮਾਨ ਇਸ ਵੱਲ ਧਿਆਨ ਦੇਣ ਲਈ ਤਿਆਰ ਨਹੀਂ ਹਨ । ਇਹੋ ਕਾਰਣ ਹੈ ਕਿ ਮੁਸਲਮਾਨ ਦੁਨੀਆ ਇਸ ਸਮੇਂ ਸਭ ਤੋਂ ਵੱਧ ਫ਼ਸਾਦਾਂ ਦੀ ਭੇਂਟ ਚੜ੍ਹ ਰਹੀ ਹੈ । ਇਹਨਾ ਦੇ ਧਾਰਮਕ ਤੇ ਸੰਸਾਰਕ ਮਾਰਗਦਰਸ਼ਕ ਇਹਨਾਂ ਨੂੰ ਅੰਧਕਾਰਾਂ ਵਿੱਚ ਧਕੇਲ ਰਹੇ ਹਨ ਅਤੇ ਆਪੋ ਵਿੱਚ ਇਕ ਹੀ ਦੇਸ਼ ਦੇ ਰਹਿਣ ਵਾਲੇ ਸ਼ਹਿਰੀ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਰਹੇ ਹਨ ਅਤੇ ਇਸ ਗੱਲ ਤੋਂ ਲਾਭ ਉਠਾਉਂਦੇ ਹੋਏ ਗ਼ੈਰਮੁਸਲਮ ਸ਼ਕਤੀਆਂ ਮੁਸਲਮਾਨ ਦਲਾਂ ਨੂੰ ਲੜਾਉਣ ਅਤੇ ਆਪਣੇ ਹਿਤ ਪ੍ਰਾਪਤ ਕਰਨ ਲਈ ਜੰਗੀ ਸਮਾਨ ਵੀ ਦੇ ਰਹੇ ਹਨ ਅਤੇ ਫ਼ੌਜੀ ਮਦਦ ਵੀ ਦੇ ਰਹੇ ਹਨ । ਸੋ, ਇਹ ਇਕ ਬਹੁਤ ਵਡੱਾ ਦੁਰਭਾਗ ਹੈ ਅਤੇ ਇਹ ਅਵਸਥਾ ਜਿੱਥੇ ਸਾਨੂੰ ਆਪਣੇ ਲਈ ਅਤੇ ਸਾਧਾਰਣ ਮੁਸਲਮਾਨਾ ਲਈ ਦੁਆਵਾਂ ਵੱਲ ਧਿਆਨ ਦੇਣ ਵਾਲਾ ਹੋਣਾ ਚਾਹੀਦਾ ਹੈ ਉੱਥੇ ਸਾਨੂੰ ਇਸ ਗੱਲ ਦੀ ਲੋੜ ਹੈ ਕਿ ਆਪਣੇ ਕਰਮ ਰੂਪੀ ਅਮਲਾਂ ਅਤੇ ਆਤਮਕ ਅਵਸਥਾ ਨੂੰ ਉਹੋ ਜਿਹਾ ਬਨਾਉਣ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਦੇਖਣਾ ਚਾਹੁੰਦੇ ਹਨ, ਕਿਉਂਕਿ ਜੇਕਰ ਸਾਡੀ ਕਰਮ ਰੂਪੀ ਅਮਲੀ ਅਵਸਥਾ ਅਜਿਹੀ ਨਹੀਂ ਜਿਵੇਂ ਕਿ ਆਪ ਜੀ ਸਾਨੂੰ ਦੇਖਣਾ ਚਾਹੁੰਦੇ ਹਨ ਤਾਂ ਐਨ ਸੰਭਵ ਹੈ ਕਿ ਅਸੀਂ ਵੀ ਉਸ ਦੱਲ ਵਿੱਚ ਸ਼ਮਾਲ ਹੋ ਜਾਈਏ ਜੋ ਫ਼ਿਤਨੇ ਫ਼ਸਾਦਾਂ ਵਿੱਚ ਗ੍ਰਿਸੇ ਹੋਏ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਨਿਰੰਤਰ ਤੇ ਵਾਰ ਵਾਰ ਆਪ ਜਮਾਤ ਦੇ ਲੋਕਾਂ ਨੂੰ ਨਸੀਹਤ ਕੀਤੀ ਹੈ ਕਿ ਤੁਹਾਡੀ ਅਵਸਥਾ ਬੈਅਤ ਦੇ ਬਾਦ ਕਿਹੋ ਜਿਹੀ ਹੋਣੀ ਚਾਹੀਦੀ ਹੈ? ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਕਥਨ ਇਸ ਸਮੇਂ ਮੈਂ ਪੇਸ਼ ਕਰਾਂਗਾ ਜੋ ਇਹਨਾਂ ਗਲੱਾਂ ਵੱਲ ਧਿਆਨ ਦੁਆਉਂਦੇ ਹਨ । ਇਸ ਲਈ ਸਾਨੂੰ ਇਹਨਾਂ ਨੂੰ ਗ਼ੌਰ ਨਾਲ ਸੁਨਣਾ ਚਾਹੀਦਾ ਹੈ । ਇਹ ਨ ਸਮਝੋ ਕਿ ਪਹਿਲਾਂ ਵੀ ਕਈ ਵਾਰ ਸੁਣ ਚੁਕੇ ਹਾਂ ਜਾਂ ਪੜ੍ਹ ਚੁਕੇ ਹਾਂ । ਜਿਸ ਨਿਰੰਤਰਤਾ ਅਤੇ ਭਿੰਨ ਭਿੰਨ ਪਖੱਾਂ ਰਾਹੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਜਮਾਤ ਨੂੰ ਆਪਣੀਆਂ ਹਾਲਤਾਂ ਨੂੰ ਚੰਗਾ ਬਨਾਉਣ ਲਈ ਤਲਕੀਨ ਕੀਤੀ ਹੈ ਇਹ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਆਪਣੀ ਜਮਾਤ ਦੀ ਕਿੰਨ੍ਹੀ ਚਿੰਤਾ ਸੀ ਆਪ ਨੂੰ ਕਿ ਕਿਤੇ ਉਹ ਆਪਣੇ ਮੰਤਵ ਨੂੰ ਨ ਭੁੱਲ ਜਾਣ । ਕਿਤੇ ਬੈਅਤ ਦੇ ਬਾਦ ਫਿਰ ਉਹਨਾਂ ਵਿੱਚ ਵਿਗਾੜ ਨ ਪੈਦਾ ਹੋ ਜਾਣ ਅਤੇ ਫਿਰ ਅੰਧਕਾਰਾਂ ਵੱਲ ਨ ਵਧੱਣੇ ਸ਼ੁਰੂ ਹੋ ਜਾਣ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਾਡੀ ਜਮਾਤ ਲਈ ਜ਼ਰੂਰੀ ਹੈ ਕਿ ਇਸ ਖ਼ਤਰਿਆਂ ਭਰਪੂਰ ਜੁੱਗ ਵਿੱਚ ਜੱਦ ਕਿ ਹਰ ਪਾਸੇ ਜ਼ਲਾਲਤ, ਬੇਚੈਨੀ ਤੇ ਗੁਮਰਾਹੀ ਦੀ ਹਵਾ ਚੱਲ ਰਹੀ ਹੈ, ਤਕਵਾ (ਸੰਜਮਤਾ) ਧਾਰਣ ਕਰਨ । ਦੁਨੀਆ ਦਾ ਇਹ ਹਾਲ ਕਿ ਰੱਬ ਦੇ ਆਦੇਸ਼ਾਂ ਦੀ ਅਜ਼ਮਤ ਨਹੀਂ ਹੈ ਹੱਕ ਤੇ ਵਸੀਯਤ ਦੀ ਪਰਵਾਹ ਨਹੀਂ ਹੈ । ਨ ਇਹ ਪਤਾ ਹੈ ਕਿ ਸਾਡੇ ਕੀ ਹੱਕ ਹਨ ਅਤੇ ਕਿਵੇਂ ਇਹ ਹੱਕ ਪੂਰੇ ਕਰਨੇ ਹਨ, ਨ ਇਹਨਾਂ ਗਲੱਾਂ ਦੀ ਪਰਵਾਹ ਹੈ ਜਿਸ ਦੀ ਇਹਨਾਂ ਨੂੰ ਤਲਕੀਨ ਕੀਤੀ ਗਈ ਸੀ । ਦੁਨੀਆ ਅਤੇ ਉਸ ਦੇ ਕੰਮਾ ਵਿੱਚ ਹੱਦੋਂ ਵੱਧ ਗੜ੍ਹੂੰਦ ਹਨ ਕਿ ਦੁਨੀਆਵੀ ਰਤਾ ਜਿਹਾ ਨੁਕਸਾਨ ਹੁੰਦਾ ਦੇਖਕੇ ਧਰਮ ਦੇ ਹਿੱਸੇ ਨੂੰ ਤਿਆਗ ਦਿੰਦੇ ਹਨ ਅਤੇ ਰੱਬ ਦੇ ਹੱਕ ਨਸ਼ਟ ਕਰ ਦਿੰਦੇ ਹਨ । ਲਾਲਚ ਦੀ ਨੀਯਤ ਨਾਲ ਇਕ ਦੂਜੇ ਨੂੰ ਵਰਤਦੇ ਹਨ । ਨਫ਼ਸਾਨੀ ਭਾਵਨਾਵਾਂ ਦੇ ਟਾਕਰੇ'ਤੇ ਬਹੁਤ ਕਮਜ਼ੋਰ ਸਿੱਧ ਹੋਏ ਹਨ । ਰਤਾ ਜਿਹੀ ਗੱਲ ਹੋਈ ਤਾਂ ਭੌਤਕ ਭਾਵਨਾ ਅੱਗੇ ਆ ਗਈਆਂ । ਉਸ ਸਮੇਂ ਤੱਕ ਜੱਦ ਤੱਕ ਰੱਬ ਨੇ ਉਹਨਾਂ ਨੂੰ ਕਮਜ਼ੋਰ ਰੱਖਿਆ ਹੈ ਪਾਪ ਦੀ ਜੁਰੱਤ ਨਹੀਂ ਕਰਦੇ, ਪਰ ਜੱਦ ਰਤਾ ਜਿੰਨੀ ਕਮਜ਼ੋਰੀ ਦੂਰ ਹੋਈ ਅਤੇ ਗੁਨਾਹ ਦਾ ਮੌਕਾ ਮਿਲਿਆ ਤਾਂ ਝੱਟ ਉਸ ਨੂੰ ਕਰ ਬਹਿੰਦੇ ਹਨ । ਫ਼ਰਮਾਇਆ ਕਿ ਅੱਜ ਇਸ ਜੁੱਗ ਵਿੱਚ ਹਰ ਥਾਂ ਪਤਾ ਕਰ ਲਓ ਤਾਂ ਇਹ ਪਤਾ ਮਿਲੇਗਾ ਕਿ ਸੰਭਵਤਾ ਸੱਚੀ ਸੰਜਮਤਾ ਉੱਠ ਗਈ ਹੈ ਅਤੇ ਸਚੱਾ ਇਮਾਨ ਉਕੱਾ ਹੀ ਨਹੀਂ ਹੈ, ਪਰੰਤੂ ਕਿਉਂਕਿ ਰੱਬ ਨੂੰ ਮਨਜ਼ੂਰ ਹੈ ਕਿ ਉਹਨਾਂ ਦੀ ਸੱਚੀ ਸੰਜਮਤਾ ਅਤੇ ਇਮਾਨ ਦਾ ਬੀ ਕਦੇ ਵੀ ਨ ਨਸ਼ਟ ਕਰੇ । ਜੱਦ ਦੇਖਦਾ ਹੈ ਕਿ ਹੁਣ ਫ਼ਸਲ ਪੂਰੀ ਤਰ੍ਹਾਂ ਤਬਾਹ ਹੋਣ'ਤੇ ਹੈ ਤਾਂ ਹੋਰ ਫ਼ਸਲ ਪੈਦਾ ਕਰ ਦਿੰਦਾ ਹੈ । ਫ਼ਰਮਾਇਆ ਕਿ ਇਹ ਉਹੋ ਤਾਜ਼ਾ ਬਤਾਜ਼ਾ ਕੁਰਆਨ ਮੌਜੂਦ ਹੈ ਜਿਵੇਂ ਕਿ ਰੱਬ ਨੇ ਕਿਹਾ ਕਿ (إِنَّا نَحْنُ نَزَّلْنَا الذِّكْرَ وَإِنَّا لَهُ لَحٰفِظُوْنَ) 'ਇਨੱਾ ਨਹਨੁ ਨਜ਼ੱਲ ਨਜ਼ ਜ਼ਿਕਰਾ ਵ ਇਨੱਾ ਲਹੂ ਲਹਾਫ਼ਿਜ਼ੂਨ' ਕਿ ਅਸੀਂ ਹੀ ਇਸ ਜ਼ਿਕਰ (ਕੁਰਆਨ) ਨੂੰ ਉਤਾਰਿਆ ਹੈ ਅਤੇ ਅਸੀਂ ਹੀ ਇਸ ਦੀ ਸੁਰੱਖਿਆ ਕਰਨ ਵਾਲੇ ਹਨ । ਫ਼ਰਮਾਇਆ ਕਿ ਹਦੀਸਾਂ ਦਾ ਵੀ ਬਹੁਤ ਸਾਰਾ ਭਾਗ ਮੌਜੂਦ ਹੈ ਅਤੇ ਬਰਕਤਾਂ ਵੀ ਹਨ ਪਰ ਲੋਕਾਂ ਦੇ ਦਿਲਾਂ ਵਿੱਚ ਇਮਾਨ ਤੇ ਅਮਲੀ ਹਾਲਤ ਉਕੱਾ ਹੀ

ਨਹੀਂ ਹੈ । ਰੱਬ ਨੇ ਮੈਨੂੰ ਇਸੇ ਲਈ ਮਬਊਸ (ਖੜਾ) ਕੀਤਾ ਹੈ ਕਿ ਇਹ ਗਲੱਾਂ ਫਿਰ ਪੈਦਾ ਹੋਣ । ਰੱਬ ਦੇ ਇਕ ਹੋਣ ਦੇ ਤਕਾਦੇ ਨੇ ਉਕੱਾ ਹੀ ਇਹ ਪਸੰਦ ਨਹੀਂ ਕੀਤਾ ਕਿ ਮੈਦਾਨ ਖਾਲੀ ਰਹੇ । ਜੇਕਰ ਬੁਰਾਈਆਂ ਫੈਲ ਰਹੀਆਂ ਹਨ ਤਾਂ ਰੱਬ ਦੀ ਗ਼ੈਰਤ ਅਤੇ ਰੱਬ ਦੇ ਇਕ ਹੋਣ ਦਾ ਤਕਾਦਾ ਸੀ ਕਿ ਇਸ ਖੇਤਰ ਨੂੰ ਮੁੜ੍ਹ ਅਜਿਹੇ ਲੋਕਾਂ ਨਾਲ ਭਰੇ ਜਾਂ ਅਜਿਹੇ ਲੋਕ ਪੈਦਾ ਕਰੇ ਜੋ ਫਿਰ ਧਰਮ ਨੂੰ ਦੁਨੀਆਂ ਉਪੱਰ ਪਹਿਲ ਦੇਣ ਵਾਲੇ ਹੋਣ । ਧਰਮ ਨੂੰ ਅਰੰਭ ਕਰਨ ਵਾਲੇ ਹੋਣ, ਧਰਮ ਨੂੰ ਫੈਲਾਉਣ ਵਾਲੇ ਹੋਣ ਅਤੇ ਇਸੇ ਲਈ ਸਾਡਾ ਪ੍ਰਚਾਰ ਹੈ ਕਿ ਤਕਵਾ (ਸੰਜਮਤਾ) ਦਾ ਜੀਵਨ ਹਾਸਲ ਹੋ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੇਕਰ ਸਹੀ ਬੈਅਤ ਕੀਤੀ ਹੈ ਤਾਂ ਜੀਉਂਦਿਆਂ ਵਿੱਚ ਸ਼ਾਮਲ ਹੋਣਾ ਹੋਵੇਗਾ । ਆਤਮਕ ਰੂਪ ਵਿੱਚ ਜੀਉਂਦਿਆਂ ਵਿੱਚ ਸ਼ਾਮਲ ਹੋਣਾ ਹੋਵੇਗਾ ਵਰਨਾ ਕੋਈ ਲਾਭ ਨਹੀਂ । ਇਸਲਾਮ ਦੀ ਸਚੱਾਈ ਕੀ ਹੈ ਅਤੇ ਉਸ ਨੂੰ ਅਸੀਂ ਕਿਵੇਂ ਹਾਸਲ ਕਰ ਸਕਦੇ ਹਾਂ, ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਇਸਲਾਮ ਰੱਬ ਦੇ ਸਾਰਿਆਂ ਆਦੇਸ਼ਾਂ ਹੇਠ ਆ ਜਾਣ ਦਾ ਨਾਂ ਹੈ ਅਤੇ ਇਸ ਦਾ ਸਾਰ ਰੱਬ ਦੀ ਸੱਚੀ ਅਗਿਆਕਾਰੀ ਅਤੇ ਪੂਰਨ ਆਗਿਆਕਾਰੀ ਹੈ । ਮੁਸਲਮਾਨ ਉਹ ਹੈ ਜੋ ਆਪਣਾ ਸਾਰਾ ਵੁਜੂਦ ਰੱਬ ਦੀ ਹਜ਼ੂਰੀ ਵਿੱਚ ਰਖੱ ਦਿੰਦਾ ਹੈ । (مَنْ أَسْلَمَ وَجْهَهُ لِلّٰهِ وَهُوَ مُحْسِنٌ) 'ਮਨ ਅਸਲਾਮਾ ਵਜਹਾਹੂ ਲਿਲੱਾਹਿ ਵ ਹੁਵਾ ਮੁਹਸਿਨੁਨ' ਅਰਥਾਤ ਮੁਸਲਮਾਨ ਉਹ ਹੈ ਜੋ ਆਪਣੇ ਸਾਰੇ ਵੁਜੂਦ ਨੂੰ ਰੱਬ ਦੀ ਰਜ਼ਾ ਹਾਸਲ ਕਰਨ ਲਈ ਵਕਫ਼ (ਕੁਰਬਾਨ) ਕਰ ਦੇਵੇ ਅਤੇ ਆਸਥਾ ਤੇ ਕਰਮ ਰੂਪੀ ਤੌਰ'ਤੇ ਉਸ ਦਾ ਮੰਤਵ ਤੇ ਉਦੇਸ਼ ਰੱਬ ਦੀ ਰਜ਼ਾ ਤੇ ਖ਼ੁਸ਼ੀ ਹਾਸਲ ਕਰਨਾ ਹੋਵੇ ਅਤੇ ਸਾਰੀਆਂ ਨੇਕੀਆਂ ਅਤੇ ਚੰਗੇ ਕਰਮ ਜੋ ਉਸ ਤੋਂ ਵਾਪਰਨ ਉਹ ਕਠਨ ਤੇ ਔਖੇ ਮਾਰਗ ਰਾਹੀਂ ਨ ਹੋਣ ਸਗੋਂ ਉਹਨਾਂ ਵਿੱਚ ਉਹਨਾਂ ਵਿੱਚ ਇਕ ਆਨੰਦ ਤੇ ਵਿਲੀਨਤਾ ਦਾ ਜਤਨ ਹੋਵੇ । ਫ਼ਰਮਾਇਆ : ਸੱਚੇ ਮੁਸਲਮਾਨ ਨੂੰ ਜੇਕਰ ਕਿਹਾ ਜਾਵੇ ਕਿ ਇਹਨਾਂ ਅਮਲਾਂ ਦੇ ਬਦਲੇ ਵਿੱਚ ਕੁਝ ਵੀ ਨਹੀਂ ਮਿਲੇਗਾ ਤਾਂ ਉਹ ਆਪਣੇ ਚੰਗੇ ਅਮਲਾਂ ਅਤੇ ਇਲਾਹੀ ਸਨੇਹ ਨੂੰ ਉਕੱਾ ਹੀ ਨਹੀਂ ਛੱਡ ਸਕਦਾ । ਇਹ ਹੈ ਰੱਬ ਨਾਲ ਨਿਹਸੁਆਰਥ ਸਨੇਹ ਜੋ ਆਪ ਪੈਦਾ ਕਰਨਾ ਚਾਹੁੰਦੇ ਹਨ । ਚਾਹੇ ਕੁਝ ਵੀ ਨ ਮਿਲੇ ਤਾਂ ਵੀ ਰੱਬ ਨਾਲ ਪਿਆਰ ਹੋਵੇ, ਉਸ ਦੀ ਇਬਾਦਤ ਅਤੇ ਉਸ ਨਾਲ ਸੰਬੰਧ ਅਤੇ ਉਸ ਦੀ ਆਗਿਆਕਾਰੀ ਤੇ ਤਾਬਿਆਦਾਰੀ ਵਿੱਚ ਫ਼ਨਾ ਕਿਸੇ ਬਦਲੇ ਜਾਂ ਵਟਾਂਦਰੇ ਕਰਕੇ ਜਾਂ ਪ੍ਰਤੀਫਲ ਦੀ ਆਸ਼ਾ ਕਰਕੇ ਨਹੀਂ ਹੈ ਸਗੋਂ ਉਹ ਆਪਣੇ ਆਪ ਨੂੰ ਅਜਿਹੀ ਚੀਜ਼ ਸਮਝਦਾ ਹੈ ਕਿ ਉਹ ਹਕੀਕਤ ਵਿੱਚ ਰੱਬ ਦੀ ਹੀ ਸ਼ਨਾਖ਼ਤ, ਉਸ ਦੇ ਪ੍ਰੇਮ ਤੇ ਆਗਿਆਕਾਰੀ ਲਈ ਬਣਾਇਆ ਗਿਆ ਹੈ ਅਤੇ ਕੋਈ ਉਦੇਸ਼ ਉਸ ਦਾ ਹੈ ਹੀ ਨਹੀਂ । ਇਸ ਲਈ ਉਹ ਆਪਣੀਆਂ ਰੱਬ ਦੀਆਂ ਦਿੱਤੀਆਂ ਸ਼ਕਤੀਆਂ ਨੂੰ ਜੱਦ ਇਹਨਾ ਉਦੇਸ਼ਿਆਂ ਤੇ ਮੰਤਵਾਂ ਲਈ ਖਰਚ ਕਰਦਾ ਹੈ ਤਾਂ ਉਸਨੂੰ ਆਪਣੇ ਹਕੀਕੀ ਮਹਿਬੂਬ ਦਾ ਚਿਹਰਾ ਦਿਖਾਈ ਦਿੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਗੱਲ ਨੂੰ ਸਪਸ਼ਟ ਕੀਤਾ ਹੈ ਕਿ ਰੱਬ ਦੇ ਆਦੇਸ਼ਾਂ ਦੀ ਕਾਮਲ ਪੈਰ੍ਹਵੀ ਕਰਨਾ ਅਤੇ ਕੇਵਲ ਉਸ ਦੀ ਰਜ਼ਾ ਨੂੰ ਹਾਸਲ ਕਰਨਾ ਕੋਈ ਸੋਖਾ ਕੰਮ ਨਹੀਂ ਹੈ । ਇਹ ਅਜਿਹਾ ਕੰਮ ਹੈ ਜਿਸ ਲਈ ਭਰਪੂਰ ਜਤਨ ਕਰਨੇ ਚਾਹੀਦੇ ਹਨ ਫਿਰ ਹੀ ਅਹਮਦੀ ਹੋਣ ਦਾ ਮੰਤਵ ਹਾਸਲ ਹੋਵੇਗਾ । ਸੋ, ਆਪ ਫ਼ਰਮਾਉਂਦੇ ਹਨ :

ਜੋ ਵਿਅਕਤੀ ਕਾਮਲ ਤੌਰ'ਤੇ ਆਗਿਆਕਾਰੀ ਨਹੀਂ ਕਰਦਾ ਉਹ ਇਸ ਸਿਲਸਿਲੇ (ਜਮਾਤ) ਨੂੰ ਬਦਨਾਮ ਕਰਦਾ ਹੈ। ਹੁਕਮ ਇਕ ਨਹੀਂ ਹੁੰਦਾ ਸਗੋਂ ਹੁਕਮ ਤਾਂ ਬਹੁਤ ਹਨ । ਜਿਵੇਂ ਬਹਿਸ਼ਤ (ਸਵਰਗ) ਦੇ ਕਈ ਦਰਵਾਜ਼ੇ ਹਨ, ਕੋਈ ਕਿਸੇ ਵਿੱਚੋਂ ਦਾਖ਼ਲ ਹੁੰਦਾ ਹੈ ਅਤੇ ਕੋਈ ਕਿਸੇ ਵਿੱਚੋਂ ਦਾਖ਼ਲ ਹੁੰਦਾ ਹੈ । ਇਸੇ ਪ੍ਰਕਾਰ ਨਰਕ ਦੇ ਕਈ ਦਰਵਾਜ਼ੇ ਹਨ, ਅਜਿਹਾ ਨ ਹੋਵੇ ਕਿ ਤੁਸੀਂ ਇਸ ਦਾ ਇਕ ਦਰਵਾਜ਼ਾ ਤਾਂ ਬੰਦ ਕਰ ਲਓ ਅਤੇ ਦੂਜਾ ਖੁਲੱਾ ਰੱਖੋ । ਫ਼ਰਮਾਇਆ : ਚੇਤੇ ਰੱਖੋ ਕੇਵਲ ਨਾਂ ਲਿਖੱਵਾ ਲੈਂਣ ਨਾਲ ਕੋਈ ਜਮਾਤ ਵਿੱਚ ਦਾਖ਼ਲ ਨਹੀਂ ਹੁੰਦਾ । ਆਪੋ ਵਿੱਚ ਪ੍ਰੇਮ ਕਰੋ । ਹੱਕ ਨ ਮਾਰੋ । ਰੱਬ ਦੇ ਮਾਰਗ ਵਿੱਚ ਦਿਵਾਨਿਆਂ ਵਾਂਗ ਹੋ ਜਾਓ ਤਾਂ ਜੋ ਰੱਬ ਤੁਹਾਡੇ ਉਪੱਰ ਮਿਹਰ ਕਰੇ ।

ਇਕ ਮੌਕੇ ਜਮਾਤ ਨੂੰ ਤਕਵਾ (ਸੰਜਮਤਾ) ਦੀ ਮਹਤੱਾ ਉਪੱਰ ਧਿਆਨ ਦੁਆਉਂਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਮਾਉਂਦੇ ਹਨ :

ਰੱਬ ਨੇ ਸਾਨੂੰ ਜਿਸ ਗੱਲ ਲਈ ਨਿਰਧਾਰਤ ਕੀਤਾ ਹੈ ਉਹ ਇਹੋ ਹੈ ਕਿ ਤਕਵਾ (ਸੰਜਮਤਾ) ਦਾ ਖੇਤਰ ਖਾਲੀ ਹੈ । ਧਰਮ ਫੈਲਾਉਂਣਾ ਹੈ, ਧਰਮ ਦਾ ਪ੍ਰਚਾਰ ਕਰਨਾ ਹੈ, ਤਰਬੀਯਤ (ਸੀਖ) ਕਰਨੀ ਹੈ, ਫਿਰ ਤਕਵਾ ਪਹਿਲਾਂ ਆਪਣੇ ਅੰਦਰ ਪੈਦਾ ਕਰਨਾ ਹੋਵੇਗਾ । ਤਕਵਾ ਹੋਵੇਗਾ ਤਾਂ ਸਾਰੇ ਕੰਮ ਹੌਲ੍ਹੀ ਹੌਲ੍ਹੀ ਅਰੰਭ ਹੋ ਜਾਣਗੇ । ਜੇਕਰ ਤੁਸੀਂ ਤਕਵਾ ਕਰਨ ਵਾਲੇ ਹੋਵੋਗੇ ਤਾਂ ਸਾਰੀ ਦੁਨੀਆ ਤੁਹਾਡੇ ਨਾਲ ਹੋਵੇਗੀ । ਸੋ, ਤਕਵਾ ਪੈਦਾ ਕਰੋ । ਜੋ ਲੋਕ ਸ਼ਰਾਬ ਪੀਂਦੇ ਹਨ ਜਾਂ ਜਿੰਨ੍ਹਾ ਦੇ ਧਰਮ ਦੀਆਂ ਰੀਤੀਆਂ ਵਿੱਚ ਸ਼ਰਾਬ ਵਡੱਾ ਅੰਗ ਹੈ ਉਹਨਾਂ ਨੂੰ ਤਕਵਾ (ਸੰਜਮਤਾ) ਨਾਲ ਕੋਈ ਸੰਬੰਧ ਨਹੀਂ ਹੋ ਸਕਦਾ । ਉਹ ਲੋਕ ਨੇਕੀ ਨਾਲ ਜੰਗ ਕਰ ਰਹੇ ਹਨ । ਸੋ, ਜੇਕਰ ਰੱਬ ਸਾਡੀ ਜਮਾਤ ਨੂੰ ਅਜਿਹੀ ਖ਼ੁਸ਼ਕਿਸਮਤੀ ਪ੍ਰਦਾਨ ਕਰੇ ਅਤੇ ਇਹਨਾਂ ਨੂੰ ਸੰਜੋਗ ਪ੍ਰਦਾਨ ਕਰੇ ਕਿ ਉਹ ਬਦੀਆਂ ਨਾਲ ਜੁੱਧ ਕਰਨ ਵਾਲੇ ਹੋਣ ਅਤੇ ਤਕਵਾਂ (ਸੰਜਮਤਾ) ਤੇ ਤਹਾਰਤ (ਪਵਿੱਤਰਤਾ) ਦੇ ਮੈਦਾਨ ਵਿੱਚ ਤਰੱਕੀ ਕਰਨ ਤਾਂ ਇਹੋ ਵੱਡੀ ਸਫ਼ਲਤਾ ਹੈ ਅਤੇ ਇਸ ਤੋਂ ਵਧੱਕੇ ਹੋਰ ਕੋਈ ਚੀਜ਼ ਢੁਕੱਵੀਂ ਨਹੀਂ ਹੋ ਸਕਦੀ । ਫ਼ਰਮਾਇਆ ਕਿ ਇਸ ਸਮੇਂ ਸਾਰੀ ਦੁਨੀਆ ਦੇ ਧਰਮਾਂ ਨੂੰ ਦੇਖ ਲਓ ਕਿ ਅਸਲ ਮਨੋਰਥ ਤਕਵਾ (ਸੰਜਮਤਾ) ਗੁੰਮ ਹੈ ਅਤੇ ਦੁਨੀਆਵੀ ਤਰੱਕੀਆਂ ਨੂੰ ਰੱਬ ਬਣਾ ਦਿਤੱਾ ਗਿਆ ਹੈ । ਹਕੀਕੀ ਰੱਬ ਛੁੱਪ ਗਿਆ ਹੈ ਅਤੇ ਸੱਚੇ ਰੱਬ ਦੀ ਹਤਕ (ਬੇਪੱਤੀ) ਕੀਤੀ ਜਾਂਦੀ ਹੈ, ਪਰ ਹੁਣ ਰੱਬ ਚਾਹੁੰਦਾ ਹੈ ਕਿ ਉਹ ਆਪਣਾ ਆਪ ਹੀ ਮਨਾਵੇ ਅਤੇ ਦੁਨੀਆ ਨੂੰ ਉਸ ਦੀ ਮਆਰਫ਼ ਪ੍ਰਾਪਤ ਹੋਵੇ । ਜੋ ਲੋਕ ਦੁਨੀਆ ਨੂੰ ਰੱਬ ਸਮਝਦੇ ਹਨ ਉਹ ਭਰੋਸੇਯੋਗ ਨਹੀਂ ਹੋ ਸਕਦੇ । ਸੋ, ਹਰ ਇਕ ਨੂੰ ਆਪਣੀ ਪੜਤਾਲ ਕਰਨ ਦੀ ਲੋੜ ਹੈ ਕਿ ਕੀ ਰੱਬ ਦੇ ਹੱਕ ਪੂਰੇ ਕਰਨ ਦੀ ਥਾਂ ਅਸੀਂ ਸੰਸਾਰਕ ਉਦੇਸ਼ ਹਾਸਲ ਕਰਨ ਦੇ ਜਤਨ ਤਾਂ ਨਹੀਂ ਕਰ ਰਹੇ । ਜੇਕਰ ਰੱਬ ਦਾ ਹੱਕ ਪੂਰਾ ਕਰਨਾ ਹੈ ਤਾਂ ਫਿਰ ਧਰਮ ਨੂੰ ਪ੍ਰਾਥਮਿਕਤਾ ਦੇਣੀ ਹੋਵੇਗੀ ਅਤੇ ਸੰਸਾਰਕ ਉਦੇਸ਼ਿਆਂ ਨੂੰ ਪਿੱਛੇ ਪਾਉਂਣਾ ਹੋਵੇਗਾ, ਸੋ, ਅਸੀਂ ਇਹ ਦੇਖਣਾ ਹੈ ਕਿ ਅਸੀਂ ਧਰਮ ਨੂੰ ਪ੍ਰਾਥਮਿਕਤਾ ਦੇ ਰਹੇ ਹਾਂ ਤਾਂ ਦੁਨੀਆ ਸਾਡੇ ਧਰਮ ਉਪੱਰ ਗ਼ਾਲਬ ਆ ਰਹੀ ਹੈ । ਤਕਵਾ (ਸੰਜਮਤਾ) ਵਿੱਚ ਅਸੀਂ ਵੱਧ ਰਹੇ ਹਾਂ ਤਾਂ ਤਕਵਾ ਵਿੱਚ ਕਮੀ ਹੋ ਰਹੀ ਹੈ । ਫ਼ਰਮਾਇਆ : ਸੰਤੋਖੀ ਦਾ ਕਰਤਵ ਹੈ ਕਿ ਉਹ ਧਰਮ ਦੀ ਮੰਗ ਵਿੱਚ ਲਗੱਾ ਰਹੇ । ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਵਧੱਕੇ ਕਾਮਲ ਇਨਸਾਨ ਦੁਨੀਆ ਵਿੱਚ ਨਹੀਂ ਲੰਘਿਆ, ਪਰ ਆਪ ਨੂੰ ਵੀ (رَبِّ زِدْنِيْ عِلْمًا) 'ਰੱਬਿ ਜ਼ਿਦਨੀ ਇਲਮਾ' ਦੁਆ ਦੀ ਸਿੱਖਿਆ ਦਿੱਤੀ ਸੀ, ਫਿਰ ਕੌਣ ਹੈ ਜੋ ਆਪਣੇ ਮਆਰਫ਼ਤ ਅਤੇ ਗਿਆਨ ਉਪੱਰ ਪੂਰਾ ਭਰੋਸਾ ਕਰਕੇ ਠਹਿਰ ਜਾਵੇ ਅਤੇ ਭਵਿੱਖ ਵਿੱਚ ਤਰੱਕੀ ਦੀ ਲੋੜ ਨ ਸਮਝੇ । ਜਿਵੇਂ ਜਿਵੇਂ ਮਨੁੱਖ ਆਪਣੇ ਗਿਆਨ ਤੇ ਮਆਰਫ਼ਤ ਵਿੱਚ ਤਰੱਕੀ ਕਰੇਗਾ ਉਸ ਨੂੰ ਪਤਾ ਲਗੱਦਾ ਜਾਵੇਗਾ ਕਿ ਅਜੇ ਬਹੁਤ ਸਾਰੀਆਂ ਗਲੱਾਂ ਹੱਲ ਹੋਣ ਯੋਗ ਹਨ ।

ਫ਼ਰਮਾਉਂਦੇ ਹਨ ਕਿ ਤੁਸੀਂ ਬਹੁਤ ਸਾਰੀਆਂ ਵਿਅਰਥ ਗਲੱਾਂ ਨੂੰ ਛਡੱਕੇ ਇਸ ਸਿਲਸਿਲੇ (ਜਮਾਤ) ਨੂੰ ਕ਼ਬੂਲ ਕੀਤਾ ਹੈ ਜੇਕਰ ਤੁਸੀਂ ਇਸ ਬਾਰੇ ਪੂਰਾ ਗਿਆਨ ਅਤੇ ਅਧਿਆਤਮਕਤਾ ਹਾਸਲ ਨਹੀਂ ਕਰੋਗੇ ਤਾਂ ਇਸ ਤੋਂ ਤੁਹਾਨੂੰ ਕੀ ਲਾਭ ਹੋਇਆ । ਜਿਵੇਂ ਕਿ ਪਹਿਲਾਂ ਕੁਰਆਨ ਕਰੀਮ ਉਪੱਰ ਗ਼ੌਰ ਤੇ ਚਿੰਤਨ ਕਰਨ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਤਲਕੀਨ ਕੀਤੀ ਸੀ, ਇਸੇ ਪ੍ਰਕਾਰ ਆਪ ਦੀਆਂ ਕਿਤਾਬਾਂ ਨੂੰ ਵੀ ਪੜ੍ਹਨ ਦੇ ਧਾਰਮਕ ਗਿਆਨ ਵਧਾਉਣ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਖ਼ਿਲਾਫ਼ਤ ਨਾਲ ਸੰਬੰਧ ਜੋੜਨ ਲਈ ਵੀ ਜਤਨ ਕਰਨਾ ਚਾਹੀਦਾ ਹੈ । ਰੱਬ ਨੇ ਇਸ ਕੰਮ ਲਈ ਸਾਨੂ ਜੋ ਐਮ.ਟੀ.ਏ. ਦੀ ਨੇਮਤ ਦਿੱਤੀ ਹੈ ਇਸ ਰਾਹੀਂ ਰਾਬਤਾ ਸਥਾਪਨ ਕਰਨਾ ਚਾਹੀਦਾ ਹੈ ਅਤੇ ਸਮੇਂ ਦੇ ਖ਼ਲੀਫ਼ਾ ਦੇ ਜੋ ਸਾਰੇ ਪ੍ਰੋਗਰਾਮ ਹਨ, ਉਹਨਾਂ ਤੋਂ ਲਾਭ ਚੁਕੱਣਾ ਚਾਹੀਦਾ ਹੈ । ਇਹ ਇਕ ਬਹੁਤ ਵਡੱਾ ਸਾਧਨ ਹੈ ਜਿਸ ਰਾਹੀਂ ਹਰ ਅਹਮਦੀ ਨੂੰ ਲਾਭ ਉਠਾਉਂਣਾ ਚਾਹੀਦਾ ਹੈ । ਆਪੋ ਵਿੱਚ ਪ੍ਰੇਮ ਤੇ ਪਿਆਰ ਕਰਨ ਅਤੇ ਇਕ ਦੂਜੇ ਦੇ ਕਸ਼ਟਾਂ ਨੂੰ ਸਮਝਣ ਅਤੇ ਇਕ ਦੂਜੇ ਦੇ ਹੱਕ ਪੂਰੇ ਦੇਣ ਵੱਲ ਧਿਆਨ ਦੁਆਉਂਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਅਸਲ ਗੱਲ ਇਹ ਹੈ ਕਿ ਅੰਦਰੂਨੀ ਤੋਰ'ਤੇ ਸਾਰੀ ਜਮਾਤ ਇਕ ਪਧੱਰ ਦੀ ਨਹੀਂ ਹੁੰਦੀ । ਸੋ, ਇਹ ਤਰੀਕਾ ਹੋਣਾ ਚਾਹੀਦਾ ਹੈ ਕਿ ਕਮਜ਼ੋਰ ਭਰਾਵਾਂ ਦੀ ਮਦਦ ਕੀਤੀ ਜਾਏ ਅਤੇ ਉਹਨਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਜਾਵੇ । ਕੁਰਆਨ ਸ਼ਰੀਫ਼ ਵਿੱਚ ਆਇਆ ਹੈ, (وَتَعَاوَنُوْا عَلَى الْبِرِّ وَالتَّقْوٰى) 'ਵ-ਤਆਵਾਨੂ ਅਲਲ ਬਿੱਰਿ ਵਤੱਕਵਾ' ਕਿ ਨੇਕੀ ਅਤੇ ਤਕਵਾ ਵਿੱਚ ਇਕ ਦੂਜੇ ਦਾ ਸਹਿਯੋਗ ਕਰੋ । ਫ਼ਰਮਾਇਆ ਕਿ ਮਾੜੇ ਭਰਾਵਾਂ ਦਾ ਭਾਰ ਚੁੱਕੋ ਅਤੇ ਕਰਮ ਰੂਪੀ, ਆਸਥਾ ਰੂਪੀ ਤੇ ਆਰਥਕ ਕਮਜ਼ੋਰੀਆਂ ਵਿੱਚ ਸ਼ਾਮਲ ਹੋ ਜਾਓ । ਫ਼ਰਮਾਇਆ ਕੋਈ ਜਮਾਤ ਜਮਾਤ ਨਹੀਂ ਹੋ ਸਕਦੀ ਜੱਦ ਤੱਕ ਮਾੜਿਆਂ ਨੂੰ ਤਕੜੇ

ਸਹਾਰਾ ਨਹੀਂ ਦਿੰਦੇ ਅਤੇ ਇਸ ਦੀ ਇਹੋ ਅਵਸਥਾ ਹੈ ਕਿ ਉਹਨਾਂ ਦੀ ਪਰਦਾਪੋਸ਼ੀ ਕੀਤੀ ਜਾਵੇ । ਸਹਾਬਾ ਨੂੰ ਇਹੋ ਸੀਖ ਦਿੱਤੀ ਕਿ ਨਵੇਂ ਮੁਸਲਮਾਨਾਂ ਦੀਆਂ ਕਮਜ਼ੋਰੀਆਂ ਦੇਖਕੇ ਚਿੜ ਨਹੀਂ ਕਰਨੀ ਕਿਉਂਕਿ ਤੁਹਾਡੇ ਵਿੱਚ ਵੀ ਅਜਿਹੇ ਕਮਜ਼ੋਰ ਸਨ । ਫ਼ਰਮਾਇਆ ਕਿ ਉਹ ਜਮਾਤ ਜਮਾਤ ਨਹੀਂ ਹੋ ਸਕਦੀ ਜੋ ਇਕ ਦੂਜੇ ਨੂੰ ਖਾਣ ਅਤੇ ਜੱਦ ਚਾਰ ਮਿਲ ਬੈਠਣ ਤਾਂ ਆਪਣੇ ਇਕ ਗ਼ਰੀਬ ਭਾਈ ਦੇ ਸ਼ਿਕਵੇ ਕਰਨ । ਸਗੋਂ ਇਕਠ ਵਿੱਚ ਚਾਹੀਦਾ ਹੈ ਕਿ ਬਲ ਆ ਜਾਵੇ ਅਤੇ ਏਕਤਾ ਪੈਦਾ ਹੋਵੇ, ਜਿਸ ਨਾਲ ਪ੍ਰੇਮ ਵਧੱਦਾ ਹੈ ਅਤੇ ਬਰਕਤਾਂ ਪੈਂਦੀਆਂ ਹਨ । ਫ਼ਰਮਾਇਆ ਕਿ ਰਤਾ ਰਤਾ ਗੱਲ'ਤੇ ਅਜਿਹੀ ਕਰੜੀ ਪਕੜ ਨਹੀਂ ਹੋਣੀ ਚਾਹੀਦੀ ਜੋ ਦਿਲ ਤੋੜਨ ਵਾਲੀ ਤੇ ਦੁੱਖ ਦਾ ਸਬਬ ਹੁੰਦੀ ਹੈ ।

ਫਿਰ ਭਾਈਚਾਰੇ ਅਤੇ ਹਮਦਰਦੀ ਦੀ ਨਸੀਹਤ ਕਰਦਿਆਂ ਹੋਇਆਂ ਆਪ ਹੋਰ ਵਧੇਰੇ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਨੂੰ ਹਰਿਆਵਲ ਨਹੀਂ ਆਏਗੀ ਜੱਦ ਤੱਕ ਉਹ ਆਪੋ ਵਿੱਚ ਸਚੱਾ ਪ੍ਰੇਮ ਤੇ ਹਮਦਰਦੀ ਨ ਕਰਨ । ਜਿਸ ਨੂੰ ਤਾਕਤ ਦਿੱਤੀ ਗਈ ਹੈ ਉਹ ਕਮਜ਼ੋਰ ਨਾਲ ਪ੍ਰੇਮ ਕਰੇ । ਮੈਂ ਜੋ ਇਹ ਸੁਣਦਾ ਹਾਂ ਕਿ ਕੋਈ ਜੱਦ ਕਿਸੇ ਦੀ ਉਣਤਾਈ ਦੇਖਦਾ ਹੈ ਤਾਂ ਉਹ ਉਸ ਨਾਲ ਅਖ਼ਲਾਕ ਨਾਲ ਪੇਸ਼ ਨਹੀਂ ਆਉਂਦਾ ਸਗੋਂ ਘ੍ਰਿਣਾ, ਨਫ਼ਤਰ ਤੇ ਕਰਾਹਤ ਨਾਲ ਪੇਸ਼ ਆਉਂਦਾ ਹੈ, ਸਗੋਂ ਚਾਹੀਦਾ ਤਾਂ ਇਹ ਹੈ ਕਿ ਉਸ ਲਈ ਦੁਆ ਕਰੇ, ਪ੍ਰੇਮ ਕਰੇ ਅਤੇ ਉਸ ਨਾਲ ਨਰਮੀ ਅਤੇ ਅਖ਼ਲਾਕ ਨਾਲ ਸਮਝਾਏ, ਪਰ ਬਜਾਏ ਇਸ ਦੇ ਉਹ ਕੀਨੇ ਵਿੱਚ ਵੱਧ ਜਾਂਦਾ ਹੈ । ਜੇਕਰ ਦਰਗੁਜ਼ਰ ਨ ਕੀਤਾ ਜਾਏ, ਹਮਦਰਦੀ ਨ ਕੀਤੀ ਜਾਏ ਤਾਂ ਇਉਂ ਵਿਗੜਦੇ ਵਿਗੜਦੇ ਅੰਜਾਮ ਭੈੜਾ ਹੋ ਜਾਂਦਾ ਹੈ । ਜਮਾਤ ਫਿਰ ਬਣਦੀ ਹੈ ਕਿ ਕਈ ਕਈਆਂ ਦੀ ਹਮਦਰਦੀ ਕਰਨ, ਤੇ ਪਰਦਾਪੋਸ਼ੀ ਕੀਤੀ ਜਾਵੇ । ਫ਼ਰਮਾਇਆ ਰੱਬ'ਤੇ ਮੈਂਨੂੰ ਬਹੁਤ ਸਾਰੀਆਂ ਆਸ਼ਾਵਾਂ ਹਨ, ਉਸ ਨੇ ਵਚਨ ਕੀਤਾ ਹੋਇਆ ਹੈ ਕਿ (جَاعِلُ الَّذِيْنَ اتَّبَعُوْكَ فَوْقَ الَّذِيْنَ كَفَرُوْٓا اِلٰى يَوْمِ الْقِيٰمَةِ) 'ਜਾਇਲੁਲੱਜ਼ੀ ਨਤੱਾਬਾਊਕਾ ਫ਼ੌਕਲੱਜ਼ੀਨਾ ਕਾਫ਼ਾਰੂ ਇਲਾ ਯੌਮਿਲ ਕਯਾਮਾਤਿ' ਅਰਥਾਤ ਉਹਨਾਂ ਲੋਕਾਂ ਨੂੰ ਜਿੰਨ੍ਹਾ ਨੇ ਤੇਰੀ ਪੈਰ੍ਹਵੀ ਕੀਤੀ ਹੈ, ਉਹਨਾਂ ਲੋਕਾਂ ਉਪੱਰ ਜਿੰਨ੍ਹਾ ਨੇ ਇਨਕਾਰ ਕੀਤਾ ਹੈ ਕਯਾਮਤ ਦੇ ਦਿਨ ਤੱਕ ਉਪੱਰ ਰਖੱਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕਲ ਵਿਸ਼ੇਸ਼ ਕਰਕੇ ਪਾਕਿਸਤਾਨ ਵਿੱਚ ਅਹਮਦੀਆਂ ਨੂੰ ਇਸ ਗੱਲ'ਤੇ ਨਜ਼ਰ ਰਖੱਣੀ ਚਾਹੀਦੀ ਹੈ ਕਿ ਇਹ ਜੋ ਉਹਨਾਂ ਦੇ ਕਮਜ਼ੋਰੀ ਦੇ ਹਾਲਾਤ ਹਨ ਅਤੇ ਹੁਕੂਮਤ ਵੀ ਅਤੇ ਕਾਨੂਨੀ ਅਦਾਰੇ ਵੀ ਅਤੇ ਪ੍ਰਬੰਧਕ ਵੀ ਇਹਨਾ ਦੇ ਵਿਰੁਧ ਪਹਿਲਾਂ ਤੋਂ ਵਧੱਕੇ ਹਰਕਤਾਂ ਕਰ ਰਹੇ ਹਨ । ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਆਪਣੇ ਹਾਲਾਤਾਂ ਵਿੱਚ ਤਬਦੀਲੀ ਪੈਦਾ ਕਰਨ ਦਾ ਜਤਨ ਕਰਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ : ਹੁਣ ਤੁਹਾਡੇ ਵਿੱਚੋਂ ਇਕ ਨਵੀਂ ਬਰਾਦਰੀ ਤੇ ਨਵਾਂ ਭਾਈਚਾਰਾ ਕਾਇਮ ਹੋਇਆ ਹੈ, ਪਹਿਲੇ ਸਾਰੇ ਸਿਲਸਿਲੇ ਕੱਟ ਦਿੱਤੇ ਗਏ ਹਨ । ਰੱਬ ਨੇ ਇਹ ਨਵੀਂ ਕੌਮ ਬਣਾਈ ਹੈ ਜਿਸ ਵਿੱਚ ਅਮੀਰ ਗ਼ਰੀਬ ਬੱਚੇ ਜਵਾਨ ਬੁੱਢੇ ਹਰ ਪ੍ਰਾਕਰ ਦੇ ਲੋਕ ਸ਼ਾਮਲ ਹਨ। ਸੋ, ਗ਼ਰੀਬਾਂ ਦਾ ਫ਼ਰਜ਼ ਹੈ ਕਿ ਉਹ ਆਪਣੇ ਪਤਿਵੰਤੇ ਭਰਾਵਾਂ ਦੀ ਕਦਰ ਕਰਨ ਅਤੇ ਸਨਮਾਨ ਕਰਨ ਅਤੇ ਅਮੀਰਾਂ ਦਾ ਫ਼ਰਜ਼ ਹੈ ਕਿ ਗ਼ਰੀਬਾ ਦੀ ਮਦਦ ਕਰਨ, ਉਹਨਾਂ ਨੂੰ ਫ਼ਕੀਰ ਤੇ ਜ਼ਲੀਲ ਨ ਸਮਝਣ । ਫ਼ਰਮਾਇਆ ਕਿ ਕਸ਼ਤੀਏ ਨੂਹ ਦਾ ਵਾਰ ਵਾਰ ਅਧਿਐਨ ਕਰੋ ਅਤੇ ਇਸ ਅਨੁਸਾਰ ਆਪਣੇ ਆਪ ਨੂੰ ਬਣਾਓ । (قَدْ اَفْلَحَ مَنْ زَكّٰىهَا) 'ਕਦ ਅਫ਼ਲਾਹਾ ਮਨ ਜ਼ਕੱਾਹਾ' ਅਰਥਾਤ ਉਹ ਫ਼ਲਾਹ (ਸਫ਼ਲਤਾ) ਪਾ ਗਿਆ ਜਿਸ ਨੇ ਆਪ ਨਫ਼ਸ ਨੂੰ ਪਾਕ ਕੀਤਾ । ਫ਼ਰਮਾਇਆ ਕਸ਼ਤੀਏ ਨੂਹ ਵਿੱਚ ਮੈਂ ਆਪਣੀ ਸਿੱਖਿਆ ਲਿੱਖ ਦਿੱਤੀ ਹੈ ਅਤੇ ਇਸ ਤੋਂ ਹਰ ਵਿਅਕਤੀ ਨੂੰ ਜਾਣੂ ਹੋਣਾ ਜ਼ਰੂਰੀ ਹੈ, ਚਾਹੀਦਾ ਹੈ ਕਿ ਹਰ ਇਕ ਸ਼ਹਿਰ ਦੀ ਜਮਾਤ ਜਲਸਾ ਕਰਕੇ ਸਾਰਿਆਂ ਨੂੰ ਸੁਣਾ ਦੇਵੇ । ਇਸ ਤਰੀਕੇ ਨਾਲ ਇਸ ਦਾ ਪ੍ਰਕਾਸ਼ਨ ਵੀ ਹੋ ਜਾਵੇਗਾ ਅਤੇ ਏਕਤਾ ਜੋ ਅਸੀਂ ਚਾਹੁੰਦੇ ਹਾਂ ਜਮਾਤ ਵਿੱਚ ਪੈਦਾ ਹੋ ਜਾਏਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜਿੱਥੇ ਪੜ੍ਹਨ ਤੇ ਸੁਨਾਉਣ ਦਾ ਜਮਾਤਾਂ ਵਿੱਚ ਪ੍ਰਬੰਧ ਹੋਣਾ ਚਾਹੀਦਾ ਹੈ ਉੱਥੇ ਐਮ.ਟੀ.ਏ. ਵਿੱਚ ਵੀ ਪੜ੍ਹਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਹਰ ਇਕ ਨੂੰ ਇਸ ਨੂੰ ਆਪਣੇ ਜੀਵਨ ਦਾ ਹਿਸੱਾ ਬਨਾਉਣਾ ਚਾਹੀਦਾ ਹੈ । ਆਪ ਵੀ ਪੜ੍ਹਨਾ ਚਾਹੀਦਾ ਹੈ ਅਤੇ ਇਸ ਉਪੱਰ ਅਮਲ ਕਰਨ ਦਾ ਜਤਨ ਵੀ ਕਰਨਾ ਚਾਹੀਦਾ ਹੈ । ਬੁਰਾਈਆਂ ਤੋਂ ਬਚਨ ਦੀ ਤਲਕੀਨ ਅਤੇ ਸੱਚੇ ਅਹਮਦੀ ਦੀ ਨਿਸ਼ਾਨੀ ਬਿਆਨ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਤੁਹਾਡਾ

ਕੰਮ ਹੁਣ ਇਹ ਹੋਣਾ ਚਾਹੀਦਾ ਹੈ ਕਿ ਦੁਆਵਾਂ ਅਤੇ ਇਸਤਗ਼ਫ਼ਾਰ ਅਤੇ ਇਲਾਹੀ ਇਬਾਦਤ ਅਤੇ ਆਪੇ ਦੀ ਪੜਤਾਲ ਵਿੱਚ ਲੀਨ ਹੋ ਜਾਓ । ਇਸ ਪ੍ਰਕਾਰ ਆਪਣੇ ਆਪ ਨੂੰ ਯੋਗ ਬਣਾਓ ਰੱਬ ਦੀਆਂ ਮਿਹਰਾਂ ਤੇ ਧਿਆਨ ਦਾ ਜਿੰਨ੍ਹਾ ਦਾ ਉਸ ਨੇ ਵਾਦਾ ਕੀਤਾ ਹੈ । ਬੇਸ਼ਕ ਰੱਬ ਦੇ ਮੇਰੇ ਨਾਲ ਵੱਡੇ ਵੱਡੇ ਵਾਦੇ ਹਨ ਅਤੇ ਪੇਸ਼ਗੋਈਆਂ (ਭਵਿੱਖਬਾਣੀਆਂ) ਹਨ ਜਿੰਨ੍ਹਾ ਬਾਰੇ ਵਿਸ਼ਵਾਸ ਹੈ ਕਿ ਉਹ ਪੂਰੇ ਹੋਣਗੇ ਪਰ ਤੁਸੀਂ ਖ਼ਾਮਖ਼ਵਾਹ (ਅਕਾਰਣ) ਹੀ ਘਮੰਡੀ ਨ ਹੋ ਜਾਓ । ਹਰ ਪ੍ਰਕਾਰ ਦੇ ਸਾੜੇ, ਕੀਨੇ, ਹੰਕਾਰ, ਦਿਖਾਵੇ, ਗ਼ੀਬਤ ਤੇ ਫ਼ਸਾਦ ਦੇ ਪ੍ਰਗਟ ਤੇ ਗੁਪਤ ਮਾਰਗਾਂ ਅਤੇ ਕਾਹਲੀ ਤੇ ਗ਼ਫ਼ਲਤ ਤੋਂ ਬਚੋਂ ਅਤੇ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਅੰਤ ਹਮੇਸ਼ਾ ਮੁਤੱਕੀਆਂ (ਸੰਜਮੀਆਂ) ਦਾ ਚੰਗਾ ਹੁੰਦਾ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ, (وَالۡعَاقِبَۃُ لِلۡمُتَّقِیۡنَ) 'ਵਲ ਆਕਿਬਾਤੁ ਲਿਲ ਮੁਤੱਾਕੀਨ' ਇਸ ਲਈ ਮੁਤਕੀ (ਸੰਜਮੀ) ਬਣਨ ਦੀ ਚਿੰਤਾ ਕਰੋ ਅੰਜਾਮ ਮੁਤਕੀਆਂ ਦਾ ਹੀ ਹੈ ।

ਅਲੱਾਹ ਤਆਲਾ ਸਾਨੂੰ ਸਚੱਾ ਅਹਮਦੀ ਬਣਨ ਅਤੇ ਆਪ ਦੀਆਂ ਸਿੱਖਿਆਵਾਂ ਉਪੱਰ ਚਲੱਣ ਦੀ ਤੋਫ਼ੀਕ ਪ੍ਰਦਾਨ ਕਰੇ। ਰੱਬ ਦਾ ਹੱਕ ਪੂਰਾ ਕਰਨ ਵਾਲੇ ਵੀ ਹੋਈਏ ਅਤੇ ਉਸ ਦੀ ਰਜ਼ਾ ਨੂੰ ਹਾਸਲ ਕਰਨ ਵਾਲੇ ਵੀ ਹੋਈਏ । ਆਪਣੇ ਕਰਮ ਰੂਪੀ ਸੁਧਾਰ ਕਰਨ ਵਾਲੇ ਵੀ ਹੋਈਏ ਅਤੇ ਰੱਬ ਦੇ ਬੰਦਿਆਂ ਦੇ ਹੱਕ ਵੀ ਪੂਰੇ ਕਰਨ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਪਾਕਿਸਤਾਨ ਦੇ ਹਾਲਾਤਾਂ ਬਾਰੇ ਵੀ ਦੁਆ ਕਰਨ ਅਤੇ ਪਾਕਿਸਤਾਨੀਆਂ ਨੂੰ ਆਪ ਵੀ ਆਪਣੇ ਲਈ ਬਹੁਤ ਦੁਆ ਕਰਨੀ ਚਾਹੀਦੀ ਹੈ । ਅਲੱਾਹ ਤਆਲਾ ਉਹਨਾਂ ਨੂੰ ਹਰ ਸ਼ਰਾਰਤ ਤੋਂ ਸੁਰਖਿਅਤ ਰੱਖੇ । ਸਾਧਾਰਣ ਤੌਰ'ਤੇ ਦੇਸ਼ ਅੰਦਰ ਵੀ ਜੋ ਫ਼ਸਾਦ ਮੱਚ ਗਿਆ ਹੈ ਰੱਬ ਉਹਨਾਂ ਸ਼ਰਾਰਤੀ ਅੰਸਰਾਂ ਤੋਂ ਵੀ ਸੁਰੱਖਿਅਤ ਰੱਖੇ । ਸਾਧਾਰਣਤਾ ਦੁਨੀਆ ਲਈ ਵੀ ਦੁਆ ਕਰਨ, ਬਹੁਤ ਤੇਜ਼ੀ ਨਾਲ ਇਹ ਹੁਣ ਜੰਗ ਵੱਲ ਵੱਧ ਰਹੇ ਹਨ । ਰੂਸ ਅਤੇ ਅਮਰੀਕਾ ਦੋਵੇਂ ਤਿਆਰੀਆਂ ਵਿੱਚ ਰੁੱਝੇ ਹੋਏ ਹਨ ਅਤੇ ਅਸਲ ਵਿੱਚ ਤਾਂ ਇਹ ਆਪਣਾ ਵਡੱਪਨ ਸਾਬਤ ਕਰਨ ਵਿੱਚ ਲੱਗੇ ਹੋਏ ਹਨ, ਪਰੰਤੂ ਨਾਂ ਇਹ ਹੈ ਕਿ ਅਸੀਂ ਮਜ਼ਲੂਮਾਂ (ਨਿਦੋਸ਼ਾਂ) ਦਾ ਹੱਕ ਦੁਆਉਂਣਾ ਚਾਹੁੰਦੇ ਹਾਂ । ਅਸਲ ਵਿੱਚ ਤਾਂ ਇਹ ਮਜ਼ਲੂਮਾਂ ਦੇ ਹੱਕ ਦੁਆਉਣ ਦੇ ਨਾਂ'ਤੇ ਮੁਸਲਮਾਨ ਦੇਸ਼ਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ । ਸੋ, ਅਲੱਾਹ ਤਆਲਾ ਮੁਸਮਲਮਾਨਾਂ ਨੂੰ ਵੀ ਅਕਲ ਦੇਵੇ ਅਤੇ ਇਹ ਉਹਨਾਂ ਲੋਕਾਂ ਤੋਂ ਮਦਦ ਲੈਂਣ ਦੀ ਥਾਂ ਆਪ ਆਪਣੇ ਨਿਰਣੈ ਕਰਨ ਵਾਲੇ ਹੋਣ । ਆਪਣੀ ਪ੍ਰਜਾ ਦੇ ਹੱਕ ਪੂਰੇ ਕਰਨ ਵਾਲੇ ਹੋਣ । ਪ੍ਰਜਾ ਆਪਣੀ ਹੁਕੂਮਤ ਦੇ ਹੱਕ ਪੂਰੇ ਕਰਨ ਵਾਲੀ ਹੋਵੇ ਅਤੇ ਇਹ ਦਹਿਸ਼ਤ ਗਰਦ ਗੁਰੁਪ ਜੋ ਇਸਲਾਮ ਦੇ ਨਾਂ'ਤੇ ਹਰਕਤਾਂ ਕਰ ਰਹੇ ਹਨ ਅਲੱਾਹ ਤਆਲਾ ਉਹਨਾਂ ਦੀ ਵੀ ਪਕੜ ਕਰੇ ਅਤੇ ਦੋਹਾਂ ਦਲਾਂ ਨੂੰ ਅਕਲ ਤੇ ਸਮਝ ਦੇਵੇ ਅਤੇ ਸਭ ਤੋਂ ਵਧੱਕੇ ਇਹ ਕਿ ਇਹ ਸਮੇਂ ਇਮਾਮ ਨੂੰ ਮੰਨਣ ਵਾਲੇ ਹੋਣ ਕਿਉਂਕਿ ਇਸ ਤੋਂ ਬਿਨਾ ਹੁਣ ਕੋਈ ਚਾਰਾ ਨਹੀਂ ਕਿ ਇਹ ਬੱਚ ਸਕਣ । ਜਾਂ ਇਹਨਾਂ ਦਾ ਕਿਸੇ ਵੀ ਅਵਸਥਾ ਵਿੱਚ ਜੀਵਨ ਹੈ । ਰੱਬ ਇਹਨਾਂ ਨੂੰ ਅਕਲ ਦੇਵੇ ਅਤੇ ਮੁਸਲਮਾਨ ਇਹਨਾਂ ਜ਼ੁਲਮਾ ਨਾ ਨਿਸ਼ਾਨਾ ਬਣਨ ਦੀ ਥਾਂ ਇਸਲਾਮ ਦੀ ਹਕੀਕੀ ਸਿੱਖਿਆ ਅਨੁਸਾਰ ਪ੍ਰੇਮ, ਪਿਆਰ ਅਤੇ ਭਾਈਚਾਰੇ ਦੀ ਸੀਖ ਨੂੰ ਆਮ ਕਰਨ ਵਾਲੇ ਹੋਣ ਅਤੇ ਅਲੱਾਹ ਤਆਲਾ ਦਾ ਹੱਕ ਪੂਰਾ ਕਰਨ ਵਾਲੇ ਹੋਣ ।

**Khulasa Khutba Jumma 13.04.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131